Punjabi - Number 104a
May 2021

# ਰੋਟਾਵਾਇਰਸ ਵੈਕਸੀਨ (ਰੋਟਾਰਿਕਸ®)
## Rotavirus Vaccine (Rotarix®)

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਵੈਕਸੀਨ ਸਮੇਂ ਸਿਰ ਦਿਵਾਓ।**

ਸਮੇਂ ਸਿਰ ਸਾਰੀਆਂ ਵੈਕਸੀਨਾਂ ਪ੍ਰਾਪਤ ਕਰਕੇ, ਤੁਹਾਡੇ ਬੱਚੇ ਦਾ ਜ਼ਿੰਦਗੀ-ਭਰ ਲਈ ਕਈ ਬਿਮਾਰੀਆਂ ਤੋਂ ਬਚਾਅ ਹੋ ਜਾਂਦਾ ਹੈ।

ਬੀਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

### ਰੋਟਾਵਾਇਰਸ ਵੈਕਸੀਨ ਕੀ ਹੈ?

ਰੋਟਾਵਾਇਰਸ ਵੈਕਸੀਨ ਰੋਟਾਵਾਇਰਸ ਕਰਕੇ ਹੋਣ ਵਾਲੇ ਦਸਤ ਅਤੇ ਉਲਟੀਆਂ ਦੇ ਵਿਰੁੱਧ ਰੱਖਿਆ ਕਰਨ ਵਿੱਚ ਮਦਦ ਕਰਦੀ ਹੈ। ਇਹ ਦੂਸਰੇ ਵਾਇਰਸਾਂ ਕਰਕੇ ਹੋਣ ਵਾਲੇ ਦਸਤ ਅਤੇ ਉਲਟੀਆਂ ਦੇ ਵਿਰੁੱਧ ਰੱਖਿਆ ਨਹੀਂ ਕਰਦੀ। ਇਸ ਵੈਕਸੀਨ ਵਿੱਚ ਰੋਟਾਵਾਇਰਸ ਦਾ ਕਮਜ਼ੋਰ ਰੂਪ ਹੁੰਦਾ ਹੈ ਜਿਸ ਕਰਕੇ ਬੀਮਾਰੀ ਨਹੀਂ ਹੁੰਦੀ। ਇਹ ਵੈਕਸੀਨ ਹੈਲਥ ਕੈਨੇਡਾ ਵਲੋਂ ਮਾਨਤਾ ਪ੍ਰਾਪਤ ਹੈ।

ਰੋਟਾਵਾਇਰਸ ਵੈਕਸੀਨ ਤੁਹਾਡੇ ਬੱਚੇ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਨੇਮਕ ਟੀਕਾਕਰਣ ਦੇ ਹਿੱਸੇ ਵਜੋਂ ਮੁਫਤ ਦਿੱਤੀ ਜਾਂਦੀ ਹੈ। ਅਪੌਇੰਟਮੈਂਟ ਤਹਿ ਕਰਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।

### ਰੋਟਾਵਾਇਰਸ ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਰੋਟਾਵਾਇਰਸ 2 ਮਹੀਨੇ ਦੀ ਉਮਰ ਦੀ ਸ਼ੁਰੂਆਤ ਕਰਕੇ ਬੱਚਿਆਂ ਨੂੰ ਦਿੱਤੀ ਜਾਂਦੀ ਹੈ। ਇਹ 2 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਪਹਿਲੀ ਖੁਰਾਕ 2 ਮਹੀਨੇ ਦੀ ਉਮਰ ਤੇ ਦਿੱਤੀ ਜਾਂਦੀ ਹੈ, ਅਤੇ ਦੂਸਰੀ ਖੁਰਾਕ 4 ਮਹੀਨੇ ਦੀ ਉਮਰ ਤੇ। ਰੋਟਾਵਾਇਰਸ ਵੈਕਸੀਨ ਬਚਪਨ ਵਿੱਚ ਬੀਮਾਰੀਆਂ ਤੋਂ ਬਚਾਉਣ ਲਈ ਲਗਾਏ ਜਾਣ ਵਾਲੇ ਦੂਸਰੇ ਟੀਕਿਆਂ ਦੇ ਨਾਲ ਹੀ ਦਿੱਤੀ ਜਾਂਦੀ ਹੈ।

| ਰੋਟਾਵਾਇਰਸ ਵੈਕਸੀਨ | ਟੀਕਾਕਰਣ ਸਮੇਂ ਬੱਚੇ ਦੀ ਉਮਰ |
|---|---|
| 1ਲੀ ਖੁਰਾਕ | 2 ਮਹੀਨੇ |
| 2ਰੀ ਖੁਰਾਕ | 4 ਮਹੀਨੇ |

ਇਹ ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਸਮੇਂ ਸਿਰ ਰੋਟਾਵਾਇਰਸ ਵੈਕਸੀਨ ਪ੍ਰਾਪਤ ਕਰੇ। ਵੈਕਸੀਨ ਦੀ ਪਹਿਲੀ ਖੁਰਾਕ 20 ਹਫਤਿਆਂ ਦੀ ਉਮਰ ਤੋਂ ਪਹਿਲਾਂ ਅਤੇ ਦੂਸਰੀ ਖੁਰਾਕ 8 ਮਹੀਨਿਆਂ ਦੀ ਉਮਰ ਤੱਕ ਦਿੱਤੀ ਜਾਣੀ ਜ਼ਰੂਰੀ ਹੈ। ਸਭ ਤੋਂ ਵਧੀਆ ਸੁਰੱਖਿਆ ਲਈ 2 ਖੁਰਾਕਾਂ ਦੀ ਲੋੜ ਹੈ।

ਬੀਮਾਰੀਆਂ ਤੋਂ ਬਚਾਅ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

ਰੋਟਾਵਾਇਰਸ ਵੈਕਸੀਨ ਮੂੰਹ ਰਾਹੀਂ ਦਿੱਤੀ ਜਾਂਦੀ ਹੈ। ਤਰਲ ਵੈਕਸੀਨ ਦੀਆਂ ਕੁਝ ਬੂੰਦਾਂ ਨਿਗਲਣ ਲਈ ਤੁਹਾਡੇ ਬੱਚੇ ਦੇ ਮੂੰਹ ਵਿੱਚ ਰੱਖੀਆਂ ਜਾਂਦੀਆਂ ਹਨ।

ਵੈਕਸੀਨ ਵਿੱਚੋਂ ਵਾਇਰਸ ਟੀਕਾਕਰਣ ਤੋਂ ਘੱਟੋ ਘੱਟ 10 ਦਿਨ ਬਾਅਦ ਤੱਕ ਤੁਹਾਡੇ ਬੱਚੇ ਦੇ ਮਲ ਵਿੱਚ ਮਿਲ ਸਕਦਾ ਹੈ। ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਡਾਇਪਰ ਬਦਲਣ ਤੋਂ ਬਾਅਦ ਆਪਣੇ ਹੱਥ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ।

### ਰੋਟਾਵਾਇਰਸ ਵੈਕਸੀਨ ਦੇ ਕੀ ਲਾਭ ਹਨ?

ਵੈਕਸੀਨ ਰੋਟਾਵਾਇਰਸ ਰੋਗ ਦੇ 4 ਵਿੱਚੋਂ ਲਗਭਗ 3 ਕੇਸਾਂ, ਅਤੇ ਹਸਪਤਾਲ ਵਿੱਚ ਦਾਖਲਾ ਕਰਵਾਏ ਜਾਣ ਵਾਲੇ ਕੇਸਾਂ ਸਮੇਤ, ਲਗਭਗ ਸਾਰੇ ਤੀਬਰ ਕੇਸਾਂ ਨੂੰ ਰੋਕਦੀ ਹੈ। ਜਦੋਂ ਤੁਸੀਂ ਆਪਣੇ ਬੱਚੇ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

### ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਰੋਟਾਵਾਇਰਸ ਵਿਗਾੜ ਦਾ ਸ਼ਿਕਾਰ ਹੋਣ ਤੋਂ ਜ਼ਿਆਦਾ ਸੁਰੱਖਿਅਤ ਹੈ।

ਜ਼ਿਆਦਾਤਰ ਛੋਟੇ ਬੱਚਿਆਂ ਨੂੰ ਰੋਟਾਵਾਇਰਸ ਵੈਕਸੀਨ ਪ੍ਰਾਪਤ ਕਰਨ ਦੇ ਬਾਅਦ ਕੋਈ ਪ੍ਰਤੀਕ੍ਰਿਆਵਾਂ ਨਹੀਂ ਹੁੰਦੀਆਂ। ਕੁਝ ਨੂੰ ਬੀਮਾਰੀਆਂ ਤੋਂ ਬਚਾਅ ਲਈ ਦਿੱਤੇ ਜਾਣ ਵਾਲੇ ਟੀਕਿਆਂ ਤੋਂ ਬਾਅਦ ਦਸਤ, ਚਿੜਚਿੜਾਪਨ, ਪੇਟ ਦਰਦ, ਗੈਸ ਜਾਂ ਖਾਰਸ਼ ਵਾਲਾ ਰੈਸ਼ ਹੋ ਸਕਦਾ ਹੈ।

ਕੈਨੇਡਾ ਤੋਂ ਬਾਹਰ ਕੁਝ ਦੇਸ਼ਾਂ ਵਿੱਚ, ਰੋਟਾਵਾਇਰਸ ਵੈਕਸੀਨ ਦੀ ਪਹਿਲੀ ਖੁਰਾਕ ਦੇ ਬਾਅਦ ਵਾਲੇ ਹਫਤੇ ਵਿੱਚ ਇੰਟੂਸਸੈਪਸ਼ਨ (ਆਂਤੜੀ ਦੀ ਰੁਕਾਵਟ) ਦਾ ਅਤਿ ਵਿਰਲਾ ਜੋਖਮ ਦੇਖਿਆ ਗਿਆ ਹੈ। ਇੰਟੂਸਸੈਪਸ਼ਨ ਦਾ ਜੋਖਮ ਵੈਕਸੀਨ ਲਗਵਾਉਣ ਵਾਲੇ ਹਰੇਕ 100,000 ਛੋਟੇ ਬੱਚਿਆਂ ਵਿੱਚੋਂ ਲਗਭਗ 1 ਜਾਂ 2 ਕੇਸ ਹੈ। ਇਹ ਜ਼ਿਅਦਾ ਤੋਂ ਜ਼ਿਆਦਾ, ਬੀ.ਸੀ ਵਿੱਚ ਇੱਕ ਸਾਲ ਵਿੱਚ 1 ਛੋਟੇ ਬੱਚੇ ਨੂੰ ਪ੍ਰਭਾਵਤ ਕਰ ਸਕਦਾ ਹੈ। ਇਸ ਦੀ ਤੁਲਨਾ ਵਿੱਚ, ਬੀ.ਸੀ ਵਿੱਚ ਹਰ

ਸਾਲ 1 ਸਾਲ ਤੋਂ ਘੱਟ ਉਮਰ ਦੇ 4,000 ਛੋਟੇ ਬੱਚਿਆਂ ਵਿੱਚੋਂ ਲਗਭਗ 1 ਨੂੰ ਵੈਕਸੀਨ ਪ੍ਰਾਪਤ ਕੀਤੇ ਬਿਨਾਂ ਇੰਟੂਸਸੈਪਸ਼ਨ ਹੋਏਗੀ। ਇੰਟੂਸਸੈਪਸ਼ਨ ਦੇ ਚਿੰਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ ਸੁਜਿਆ ਹੋਇਆ ਢਿੱਡ, ਅਕਸਰ ਆਉਣ ਵਾਲੀਆਂ ਉਲਟੀਆਂ, ਅਤੇ ਖੂਨ ਵਾਲੀ ਟੱਟੀ। ਤੁਹਾਡਾ ਬੱਚਾ ਕਮਜ਼ੋਰ ਅਤੇ ਚਿੜਚਿੜਾ ਦਿਖ ਸਕਦਾ ਹੈ ਅਤੇ ਤੀਬਰ ਤਰੀਕੇ ਨਾਲ ਜਿਅਦਾ ਰੋ ਸਕਦਾ ਹੈ। ਜੇ ਤੁਹਾਡੇ ਬੱਚੇ ਵਿੱਚ ਇਹ ਚਿੰਨ੍ਹ ਦਿਖਾਈ ਦੇ ਰਹੇ ਹਨ, ਤਾਂ ਤੁਹਾਨੂੰ ਆਪਣੇ ਬੱਚੇ ਨੂੰ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਲੈ ਕੇ ਜਾਣਾ ਚਾਹੀਦਾ ਹੈ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ, ਇੱਕ ਮਿਲੀਅਨ ਵਿੱਚ 1 ਤੋਂ ਘੱਟ, ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕ੍ਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੇਫਰਿੰਨ (ਐਡ੍ਰੇਨੇਲਿੰਨ) ਦਿੱਤੇ ਜਾਣਾ ਅਤੇ ਐਮਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ ਕੀਤੇ ਜਾਣਾ ਸ਼ਾਮਲ ਹੈ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਐਸਪਰੀਨ (Aspirin) ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਹਾਰਣ ਲਈ ®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

## ਰੋਟਾਵਾਇਰਸ ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜੇ ਤੁਹਾਡੇ ਬੱਚੇ:

- ਨੂੰ ਰੋਟਾਵਾਇਰਸ ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖੁਰਾਕ ਜਾਂ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ ਹੋਈ ਹੈ
- ਦਾ ਸਰੀਰ ਨੂੰ ਬੀਮਾਰੀ ਤੋਂ ਬਚਾਉਣ ਵਾਲਾ ਸਿਸਟਮ ਬੀਮਾਰੀ ਜਾਂ ਮੈਡੀਕਲ ਇਲਾਜ ਕਰਕੇ ਕਮਜ਼ੋਰ ਹੈ
- ਦਾ ਸਰੀਰ ਨੂੰ ਬੀਮਾਰੀ ਤੋਂ ਬਚਾਉਣ ਵਾਲਾ ਕਮਜ਼ੋਰ ਸਿਸਟਮਾਂ ਦਾ ਪਰਿਵਾਰਕ ਇਤਿਹਾਸ ਹੈ
- ਨੂੰ ਇੰਟੂਸਸੈਪਸ਼ਨ ਹੋਇਆ ਹੈ ਜਾਂ ਉਸ ਨੂੰ ਆਂਤੜੀਆਂ ਸੰਬੰਧੀ ਕੋਈ ਅਜਿਹਾ ਰੋਗ ਹੈ ਜਿਸ ਦਾ ਨਤੀਜਾ ਇੰਟੂਸਸੈਪਸ਼ਨ ਹੋ ਸਕਦਾ ਹੈ

ਨਿੰਮ੍ਹੀ ਜਾਂ ਤੀਬਰ ਦਸਤ ਜਾਂ ਉਲਟੀਆਂ, ਜਾਂ ਗੰਭੀਰ ਬੀਮਾਰੀ ਵਾਲੇ ਬੱਚਿਆਂ ਦਾ ਉਨ੍ਹਾਂ ਦੀ ਬੀਮਾਰੀ ਤੋਂ ਪੂਰੀ ਤਰ੍ਹਾਂ ਠੀਕ ਹੋ ਜਾਣ ਤੱਕ ਬੀਮਾਰੀਆਂ ਤੋਂ ਬਚਾਅ ਲਈ ਟੀਕਾਕਰਣ ਨਹੀਂ ਕੀਤਾ ਜਾਣਾ ਚਾਹੀਦਾ।

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬੀਮਾਰੀ ਕਰਕੇ ਬੀਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਵਾਲੇ ਨਾਲ ਗੱਲ ਕਰੋ।

## ਰੋਟਾਵਾਇਰਸ ਕੀ ਹੈ?

ਰੋਟਾਵਾਇਰਸ ਇੱਕ ਅਜਿਹਾ ਵਾਇਰਸ ਹੈ ਜਿਸ ਕਰਕੇ ਗੈਸਟਰੋਏਨਟੇਰਾਈਟਸ, ਜਿਸ ਨੂੰ ਕਈ ਵਾਰੀ ਪੇਟ ਦਾ ਫਲੂ ਵੀ ਕਿਹਾ ਜਾਂਦਾ ਹੈ, ਹੁੰਦਾ ਹੈ। ਰੋਟਾਵਾਇਰਸ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਦਸਤ ਅਤੇ ਦਸਤ ਕਰਕੇ ਹਸਪਤਾਲ ਵਿੱਚ ਦਾਖਲੇ ਦਾ ਸਭ ਤੋਂ ਆਮ ਕਾਰਨ ਹੈ। ਲਗਭਗ ਸਾਰੇ ਬੱਚੇ 5 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਰੋਟਾਵਾਇਰਸ ਦੇ ਲਗਭਗ 1 ਵਿਗਾੜ ਦਾ ਸ਼ਿਕਾਰ ਹੋ ਚੁੱਕੇ ਹੋਣਗੇ।

ਰੋਟਾਵਾਇਰਸ ਵਿਗਾੜ ਦੇ ਪਹਿਲੇ ਲੱਛਣ ਅਕਸਰ ਬੁਖਾਰ ਅਤੇ ਉਲਟੀਆਂ, ਅਤੇ ਉਸ ਤੋਂ ਬਾਦ ਦਸਤ ਅਤੇ ਪੇਟ ਦਰਦ ਹੁੰਦੇ ਹਨ। ਇਹ ਲੱਛਣ ਵਿਅਕਤੀ ਦੇ ਵਿਗਾੜ ਗ੍ਰਸਤ ਹੋਣ ਦੇ 1 ਤੋਂ 3 ਦਿਨ ਦੇ ਬਾਅਦ ਦਿਖਾਈ ਦਿੰਦੇ ਹਨ। ਦਸਤ 4 ਤੋਂ 8 ਦਿਨ ਤੱਕ ਜਾਰੀ ਰਹਿ ਸਕਦੇ ਹਨ। ਜੇ ਦਸਤ ਜਾਂ ਉਲਟੀਆਂ ਤੀਬਰ ਅਤੇ ਅਕਸਰ ਹੁੰਦੀਆਂ ਹਨ ਤਾਂ ਛੋਟੇ ਬੱਚਿਆਂ ਵਿੱਚ ਪਾਣੀ ਦੀ ਕਮੀ ਹੋ ਸਕਦੀ ਹੈ। ਜੇ ਇਸ ਦਾ ਇਲਾਜ ਨਹੀਂ ਕੀਤਾ ਜਾਂਦਾ, ਤਾਂ ਬੱਚੇ ਦੀ ਮੌਤ ਹੋ ਸਕਦੀ ਹੈ।

ਰੋਟਾਵਾਇਰਸ ਵਿਗਾੜ ਗ੍ਰਸਤ ਬੱਚੇ ਦੀਆਂ ਟੱਟੀਆਂ ਦੇ ਨਾਲ ਸੰਪਰਕ ਰਾਹੀਂ ਆਸਾਨੀ ਦੇ ਨਾਲ ਫੈਲ ਸਕਦਾ ਹੈ। ਅਜਿਹਾ ਡਾਇਪਰਾਂ ਨੂੰ ਹੱਥ ਲਗਾਉਣ ਵੇਲੇ ਹੋ ਸਕਦਾ ਹੈ। ਰੋਟਾਵਾਇਰਸ ਨੂੰ ਫੈਲਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੱਥਾਂ ਨੂੰ ਸਾਬਣ ਅਤੇ ਪਾਣੀ ਦੇ ਨਾਲ ਅਕਸਰ ਧੋਣਾ ਹੈ। ਇੱਕ ਅਜਿਹਾ ਬੱਚੇ ਨੂੰ ਜੋ ਦਸਤ ਦੇ ਨਾਲ ਬੀਮਾਰ ਹੈ ਜਾਂ ਉਲਟੀਆਂ ਕਰ ਰਿਹਾ ਹੈ ਨੂੰ ਡੇਕੇਅਰ ਵਿੱਚ ਨਹੀਂ ਜਾਣਾ ਚਾਹੀਦਾ ਜਾਂ ਉਸਦਾ ਦਸਤ ਜਾਂ ਉਲਟੀਆਂ ਦੇ ਬੰਦ ਹੋ ਜਾਣ ਦੇ 48 ਘੰਟਿਆਂ ਬਾਅਦ ਤੱਕ ਦੂਸਰੇ ਬੱਚਿਆਂ ਨਾਲ ਸੰਪਰਕ ਨਹੀਂ ਹੋਣਾ ਚਾਹੀਦਾ। ਹੱਥ ਧੋਣ ਬਾਰੇ ਨੁਸਖਿਆਂ ਲਈ, HealthLinkBC File #85 ਹੱਥ ਧੋਣਾ:ਰੋਗਾਣੂਆਂ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ ਦੇਖੋ।

ਇਮਿਊਨਾਈਜ਼ੇਸ਼ਨਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/ ਦੇਖੋ।

BRITISH COLUMBIA ImmunizeBC BC Centre for Disease Control Provincial Health Services Authority